ਆਰਬੀਆਈ/2006-07/173

ਡੀਬੀਓਡੀ ਨੰ. ਐਲਈਜੀ ਬੀਸੀ 42/09-07-005 /2006-07

10 ਨਵੰਬਰ 2006

ਸੇਵਾ ਵਿਚ

ਸਮੂਹ ਅਨੁਸੂਚਿਤ ਵਪਾਰਕ ਬੈਂਕਾਂ

(ਆਰਆਰਬੀਐਸ ਤੋਂ ਬਿਨਾਂ)

ਸ੍ਰੀਮਾਨ ਜੀ

**ਗਾਹਕ ਸੇਵਾ-ਡੁਪਲੀਕੇਟ ਡਿਮਾਂਡ ਡਰਾਫਟ ਜਾਰੀ ਕਰਨਾ।**

ਸਾਡੇ ਸਰਕੂਲਰ ਡੀਬੀਓਡੀ ਨੰ. ਬੀਸੀ 147/09-07-007/99-2000 ਮਿਤੀ 9 ਮਾਰਚ 2000 ਦੇ ਹਵਾਲੇ ਵਿਚ, ਜਿਸ ਵਿਚ ਬੈਂਕਾਂ ਨੂੰ ਅਜਿਹੀ ਬੇਨਤੀ ਦੀ ਪ੍ਰਾਪਤ ਤੋਂ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਗਾਹਕ ਨੂੰ ਡੁਪਲੀਕੇਟ ਡਿਮਾਂਡ ਡਰਾਫਟ ਜਾਰੀ ਕਰਨ ਲਈ ਹਦਾਇਤ ਕੀਤੀ ਗਈ ਸੀ। ਅੱਗੇ ਨਿਰਧਾਰਤ ਸਮੇਂ ਦੀ ਦੇਰੀ ਤੋਂ ਬਾਅਦ ਬੈਂਕਾਂ ਨੂੰ ਲਿਖਾ ਪੜ੍ਹੀ ਪੂਰੀ ਹੋਣ ਤੱਕ ਦੇ ਸਮੇਂ ਦੀ ਪੂਰਤੀ ਲਈ ਗਾਹਕ ਨੂੰ ਮਿਆਦੀ ਜਮ੍ਹਾਂ ਪੂੰਜੀ ਤੇ ਲਾਗੂ ਦਰਾਂ ਅਨੁਸਾਰ ਵਿਆਜ ਅਦਾ ਕਰਨ ਦੀ ਹਦਾਇਤ ਵੀ ਕੀਤੀ ਗਈ ਸੀ।

2. ਉਪਰੋਕਤ ਸਰਕੂਲਰ ਵਿਚ ਵਰਤੇ ਸ਼ਬਦ ਗਾਹਕ ਨੂੰ ਧਿਆਨ ਵਿਚ ਰੱਖਦੇ ਹੋਏ, ਕਈ ਸ਼ੰਕੇ ਪੈਦਾ ਹੋ ਗਏ ਸਨ ਕਿ ਕੀ ਬੈਂਕਾਂ ਨੇ ਕੇਵਲ ਖਰੀਦ ਕਰਤਾ / ਲਾਭ ਪਾਤਰੀ ਨੂੰ 15 ਦਿਨਾਂ ਦੇ ਸਮੇਂ ਵਿਚ ਡੁਪਲੀਕੇਟ ਡਿਮਾਂਡ ਡਰਾਫਟ ਜਾਰੀ ਕਰਨਾ ਜਾਂ ਖਰੀਦ ਕਰਤਾ ਜਾਂ ਲਾਭ ਪਾਤਰੀ ਤੋਂ ਬਿਨ੍ਹਾਂ ਕਿਸੇ ਹੋਰ ਧਾਰਕ ਨੂੰ ਵੀ (ਜਾਰੀ ਕਰਨਾ ਹੈ) ।

3. ਇਸ ਸਬੰਧ ਵਿਚ ਅਸੀਂ ਸਪੱਸ਼ਟ ਕਰਦੇ ਹਾਂ ਕਿ ਸਾਡੇ 9 ਮਾਰਚ 2000 ਦੇ ਸਰਕੂਲਰਾਂ ਦੁਆਰਾ 15 ਦਿਨਾਂ ਵਿਚ ਡੁਪਲੀਕੇਟ ਡਮਾਂਡ ਡਰਾਫਟ ਕੇਵਲ ਖਰੀਦ ਕਰਤਾ ਜਾਂ ਲਾਭ ਪਾਤਰੀ ਦੁਆਰਾ ਡੁਪਲੀਕੇਟ ਡਿਮਾਂਡ ਡਰਾਫਟ ਜਾਰੀ ਕਰਨ ਲਈ ਪ੍ਰਤੀਬੇਨਤੀ ਲਈ ਹੀ ਲਾਗੂ ਨਹੀਂ ਹੋਵੇਗਾ ਅਤੇ ਇਹ ਕਿਸੇ ਤੀਜੀ ਧਿਰ ਦੇ ਕੇਸ ਵਿਚ ਲਾਗੂ ਨਹੀਂ ਹੋਵੇਗਾ ।

4. ਕਿਰਪਾ ਕਰਕੇ ਇਸਦੀ ਪਹੁੰਚ ਭੇਜੀ ਜਾਵੇ ।

ਆਪ ਦਾ ਵਿਸ਼ਵਾਸਪਾਤਰ

(ਪ੍ਰਸ਼ਾਂਤ ਸਰਨ)

ਚੀਫ ਜਨਰਲ ਮੈਨੇਜਰ ਇਨ ਚਾਰਜ